ਐਸ.ਐਸ.ਡੀ.ਗਰਲਜ਼ ਕਾਲਜ (ਖ਼ੁਦਮੁਖਤਿਆਰ)

ਬੀ.ਏ. ਭਾਗ ਦੂਜਾ (ਸਮੈਸਟਰ ਚੌਥਾ)

ਅੰਤਰ/ਬਹੁ-ਅਨੁਸ਼ਾਸਨੀ ਕੋਰਸ-3 (IDC3/MDC3)

ਪੇਪਰ: ਪੰਜਾਬੀ ਪੱਤਰਕਾਰੀ ਲੇਖਣ

ਵਿਸ਼ਾ ਕੋਡ :

ਪਾਠਕ੍ਰਮ ਦੇ ਉਦੇਸ਼ ਅਤੇ ਸੰਭਾਵੀ ਨਤੀਜੇ (Course Objectives & Learning Outcomes)

ਪਾਠਕ੍ਰਮ ਦੇ ਉਦੇਸ਼ (Course Objectives):

1. ਵਿਦਿਆਰਥੀਆਂ ਨੂੰ ਪੰਜਾਬੀ ਪੱਤਰਕਾਰੀ ਦੇ ਬੁਨਿਆਦੀ ਸੰਕਲਪਾਂ, ਸਰੂਪ, ਤੱਤਾਂ ਅਤੇ ਵੰਨਗੀਆਂ ਤੋਂ ਜਾਣੂ ਕਰਵਾਉਣਾ।
2. ਪੱਤਰਕਾਰੀ ਅਤੇ ਸਾਹਿਤ ਦੇ ਅੰਤਰ-ਸੰਬੰਧਾਂ ਨੂੰ ਸਮਝਾਉਣਾ ਅਤੇ ਸਾਹਿਤਕ ਪੱਤਰਕਾਰੀ ਦੀ ਮਹੱਤਤਾ ਬਾਰੇ ਚਾਨਣਾ ਪਾਉਣਾ।
3. ਵਿਦਿਆਰਥੀਆਂ ਨੂੰ ਵੱਖ-ਵੱਖ ਮੀਡੀਆ ਵੰਨਗੀਆਂ ਜਿਵੇਂ ਕਿ ਖ਼ਬਰ, ਪ੍ਰੈੱਸ ਨੋਟ, ਫੀਚਰ, ਸੰਪਾਦਕੀ, ਪੁਸਤਕ ਪੜਚੋਲ ਅਤੇ ਇੰਟਰਵਿਊ ਲੇਖਣ ਦਾ ਵਿਵਹਾਰਕ ਗਿਆਨ ਦੇਣਾ।
4. ਪੰਜਾਬੀ ਪੱਤਰਕਾਰੀ ਅਤੇ ਛਾਪੇਖਾਨੇ ਦੇ ਇਤਿਹਾਸਕ ਆਰੰਭ ਅਤੇ ਵਿਕਾਸ ਦੀ ਲੜੀ ਨਾਲ ਜੋੜਨਾ।
5. ਪੰਜਾਬੀ ਦੇ ਪ੍ਰਮੁੱਖ ਅਖ਼ਬਾਰਾਂ, ਸਾਹਿਤਕ ਰਸਾਲਿਆਂ ਅਤੇ ਖੋਜ ਪੱਤ੍ਰਿਕਾਵਾਂ ਦੇ ਯੋਗਦਾਨ ਤੋਂ ਸਮਝੂ ਕਰਵਾਉਣਾ।
6. ਵਿਦਿਆਰਥੀਆਂ ਵਿੱਚ ਆਧੁਨਿਕ ਅਤੇ ਪ੍ਰੰਪਰਿਕ ਮੀਡੀਆ ਮਾਧਿਅਮਾਂ ਵਿੱਚ ਪੱਤਰਕਾਰੀ ਲੇਖਣ ਦੀਆਂ ਕਲਾਤਮਕ ਅਤੇ ਤਕਨੀਕੀ ਯੋਗਤਾਵਾਂ ਵਿਕਸਿਤ ਕਰਨਾ।

ਸੰਭਾਵੀ ਨਤੀਜੇ (Learning Outcomes):

1. ਪੱਤਰਕਾਰੀ ਦੀ ਬੁਨਿਆਦੀ ਸਮਝ: ਵਿਦਿਆਰਥੀ ਪੱਤਰਕਾਰੀ ਦੇ ਮੁੱਖ ਸਿਧਾਂਤਾਂ, ਪਰਿਭਾਸ਼ਾਵਾਂ ਅਤੇ ਵੱਖ-ਵੱਖ ਮੀਡੀਆ ਮਾਧਿਅਮਾਂ ਨੂੰ ਚੰਗੀ ਤਰ੍ਹਾਂ ਸਮਝਣ ਦੇ ਯੋਗ ਹੋਣਗੇ।
2. ਵਿਵਹਾਰਕ ਲੇਖਣ ਕਲਾ ਵਿੱਚ ਮਾਹਰਤਾ: ਵਿਦਿਆਰਥੀ ਖ਼ਬਰਾਂ, ਪ੍ਰੈੱਸ ਨੋਟ, ਫੀਚਰ ਰਿਪੋਰਟਾਂ, ਸੰਪਾਦਕੀ ਅਤੇ ਇੰਟਰਵਿਊ ਆਦਿ ਨੂੰ ਪੇਸ਼ੇਵਰ ਤਰੀਕੇ ਨਾਲ ਲਿਖਣ ਦੀ ਕਲਾ ਵਿੱਚ ਨਿਪੁੰਨ ਹੋਣਗੇ।
3. ਪੰਜਾਬੀ ਮੀਡੀਆ ਦੇ ਇਤਿਹਾਸ ਦਾ ਗਿਆਨ: ਵਿਦਿਆਰਥੀਆਂ ਨੂੰ ਪੰਜਾਬੀ ਛਾਪੇਖਾਨੇ ਅਤੇ ਅਖ਼ਬਾਰਾਂ ਦੇ ਇਤਿਹਾਸਕ ਸਫ਼ਰ ਅਤੇ ਵਿਕਾਸ ਦੀ ਡੂੰਘੀ ਸਮਝ ਪ੍ਰਾਪਤ ਹੋਵੇਗੀ।
4. ਪਰਖ ਅਤੇ ਆਲੋਚਨਾਤਮਕ ਸੋਚ: ਵਿਦਿਆਰਥੀ ਪੁਸਤਕ ਪੜਚੋਲ (ਰੀਵਿਊ) ਅਤੇ ਆਲੋਚਨਾਤਮਕ ਲੇਖਣ ਰਾਹੀਂ ਪੁਸਤਕਾਂ ਅਤੇ ਸਾਹਿਤਕ ਰਚਨਾਵਾਂ ਦਾ ਮੁਲਾਂਕਣ ਕਰਨ ਦੇ ਯੋਗ ਬਣਨਗੇ।
5. ਰੋਜ਼ਗਾਰ ਦੇ ਅਵਸਰ: ਇਹ ਪਾਠਕ੍ਰਮ ਵਿਦਿਆਰਥੀਆਂ ਨੂੰ ਅਖ਼ਬਾਰਾਂ, ਰਸਾਲਿਆਂ, ਟੀ.ਵੀ., ਰੇਡੀਓ ਅਤੇ ਡਿਜੀਟਲ ਮੀਡੀਆ ਖੇਤਰਾਂ ਵਿੱਚ ਰਿਪੋਰਟਰ, ਸੰਪਾਦਕ, ਕਾਪੀ ਰਾਈਟਰ ਜਾਂ ਫ੍ਰੀਲਾਂਸਰ ਵਜੋਂ ਕਰੀਅਰ ਬਣਾਉਣ ਵਿੱਚ ਮਦਦਗਾਰ ਸਾਬਤ ਹੋਵੇਗਾ।
6. ਭਾਸ਼ਾਈ ਅਤੇ ਸੰਚਾਰ ਕਲਾ ਦਾ ਵਿਕਾਸ: ਵਿਦਿਆਰਥੀਆਂ ਦੀ ਪੰਜਾਬੀ ਭਾਸ਼ਾ 'ਤੇ ਪਕੜ ਮਜ਼ਬੂਤ ਹੋਵੇਗੀ ਅਤੇ ਉਹਨਾਂ ਦੀ ਜਨ-ਸੰਚਾਰ (Mass Communication) ਯੋਗਤਾ ਵਿੱਚ ਵਾਧਾ ਹੋਵੇਗਾ।

ਐਸ.ਐਸ.ਡੀ.ਗਰਲਜ਼ ਕਾਲਜ(ਖ਼ੁਦਮੁਖਤਿਆਰ)

ਬੀ.ਏ. ਭਾਗ ਦੂਜਾ (ਸਮੈਸਟਰ ਚੌਥਾ)

ਅੰਤਰ/ਬਹੁ-ਅਨੁਸ਼ਾਸਨੀ ਕੋਰਸ-3 (IDC3/MDC3)

ਪੇਪਰ: ਪੰਜਾਬੀ ਪੱਤਰਕਾਰੀ ਲੇਖਣ

ਵਿਸ਼ਾ ਕੋਡ :

ਕੁੱਲ ਅੰਕ : 100 **ਪਰਚੇ ਵਿਚ ਪਾਸ ਹੋਣ ਲਈ ਅੰਕ : 35%**

ਅੰਦਰੂਨੀ ਮੁਲਾਂਕਣ: 30 ਅੰਕ **ਕੁੱਲ ਕ੍ਰੈਡਿਟ : 03**

ਬਾਹਰੀ ਪ੍ਰੀਖਿਆ : 70 **ਪ੍ਰੀਖਿਆ ਦਾ ਸਮਾਂ : 3 ਘੰਟੇ**

ਪਾਠ-ਕ੍ਰਮ ਅਤੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਭਾਗ ੳ

ੳ-1

1. ਪੱਤਰਕਾਰੀ: ਪਰਿਭਾਸ਼ਾ, ਤੱਤ, ਸਰੂਪ, ਵੰਨਗੀਆਂ ਅਤੇ ਮਹੱਤਵ
2. ਪੱਤਰਕਾਰੀ ਅਤੇ ਸਾਹਿਤ (ਅੰਤਰ ਸੰਬੰਧ): ਤੱਥ ਅਤੇ ਕਲਪਨਾ, ਤੱਥ ਅਤੇ ਗਲਪ, ਸਾਹਿਤਕ ਪੱਤਰਕਾਰੀ
3. ਪੱਤਰਕਾਰੀ: ਆਧੁਨਿਕ ਮਾਧਿਅਮ ਅਤੇ ਪਰੰਪਰਿਕ ਮਾਧਿਅਮ
4. ਜਨਤਕ ਅਤੇ ਵਪਾਰਕ ਮਾਧਿਅਮ

ੳ-2

1. ਖ਼ਬਰ, ਪ੍ਰੈੱਸ ਨੋਟ ਅਤੇ ਵਿਵਰਨ (ਰਿਪੋਰਟ): ਪਰਿਭਾਸ਼ਾ, ਤੱਤ, ਸਰੋਤ ਅਤੇ ਪੇਸ਼ਕਾਰੀ
2. ਲੇਖ (ਫੀਚਰ-ਆਰਟੀਕਲ): ਪਰਿਭਾਸ਼ਾ, ਤੱਤ ਅਤੇ ਮੰਤਵ
3. ਪੁਸਤਕ ਪੜਚੋਲ (ਰੀਵਿਊ): ਪਰਿਭਾਸ਼ਾ, ਤੱਤ ਅਤੇ ਮਹੱਤਵ
4. ਸੰਪਾਦਕੀ: ਪਰਿਭਾਸ਼ਾ, ਤੱਤ ਅਤੇ ਮੰਤਵ **12x2=24 ਅੰਕ**

ਭਾਗ-ਅ

ਅ-

1. ਪੰਜਾਬੀ ਪੱਤਰਕਾਰੀ ਅਤੇ ਛਾਪੇਖਾਨਾ: ਆਰੰਭ ਅਤੇ ਵਿਕਾਸ।
2. ਪੰਜਾਬੀ ਦੇ ਪ੍ਰਮੁੱਖ ਅਖ਼ਬਾਰ: ਪੰਜਾਬੀ ਟ੍ਰਿਬਿਊਨ, ਅਜੀਤ, ਜਗਬਾਣੀ, ਨਵਾਂ ਜ਼ਮਾਨਾ, ਪੰਜਾਬੀ ਜਾਗਰਣ ਅਤੇ ਸਪੋਕਸਮੈਨ ਆਦਿ।
3. ਸਿਰਜਣਾਤਮਕ ਸਾਹਿਤ ਦੇ ਰਸਾਲੇ: ਕਵਿਤਾ, ਪੰਜ ਦਰਿਆ, ਦ੍ਰਿਸ਼ਟੀ, ਨਾਗਮਣੀ, ਆਰਸੀ, ਪ੍ਰੀਤਲੜੀ, ਸਿਰਜਣਾ, ਹੁਣ, ਫਿਲਹਾਲ, ਤ੍ਰਿਸ਼ੰਕੂ, ਜਾਗ੍ਰਤੀ, ਜਨ ਸਾਹਿਤ, ਸਮਦਰਸ਼ੀ ਆਦਿ।

4. ਖੋਜ ਅਤੇ ਆਲੋਚਨਾ ਦੇ ਰਸਾਲੇ: ਪਰਖ, ਪੰਜਾਬੀ ਦੁਨੀਆ, ਖੋਜ ਪੱਤ੍ਰਿਕਾ, ਸੱਭਿਆਚਾਰਕ ਪੱਤ੍ਰਿਕਾ, ਖੋਜ ਦਰਪਣ, ਆਲੋਚਨਾ ਆਦਿ।

12x2=24 ਅੰਕ

ਭਾਗ ਏ

ਉਪਰੋਕਤ ਸਿਲੇਬਸ ਤੇ ਆਧਾਰਿਤ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ। **11X2=22 ਅੰਕ**

ਅੰਕ ਵੰਡ ਅਤੇ ਪ੍ਰਸ਼ਨ ਪੱਤਰ ਲਈ ਹਦਾਇਤਾਂ

1. ਸਾਰੇ ਭਾਗਾਂ ਵਿਚੋਂ ਪ੍ਰਸ਼ਨ ਪੁੱਛੇ ਜਾਣਗੇ।
2. ਪ੍ਰਸ਼ਨ ਪੱਤਰ ਨੂੰ ਤਿੰਨ ਭਾਗਾਂ (ਓ, ਅ ਅਤੇ ਏ) ਵਿੱਚ ਵੰਡਿਆ ਜਾਵੇਗਾ।
3. ਭਾਗ ਓ-1 ਅਤੇ ਓ-2 ਵਿਚੋਂ ਦੋ-ਦੋ ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਵਿਚੋਂ ਪ੍ਰੀਖਿਆਰਥੀ ਨੇ ਇਕ-ਇਕ ਪ੍ਰਸ਼ਨ ਕਰਨਾ ਹੋਵੇਗਾ। ਓ-1 ਦੇ 12 ਅੰਕ ਅਤੇ ਓ-2 ਦੇ ਵੀ 12 ਅੰਕ ਹੋਣਗੇ। **12x2=24 ਅੰਕ**
4. ਭਾਗ ਅ ਵਿੱਚੋਂ ਕੁੱਲ ਚਾਰ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿਚੋਂ ਪ੍ਰੀਖਿਆਰਥੀ ਨੇ ਦੋ ਪ੍ਰਸ਼ਨ ਕਰਨੇ ਹੋਣਗੇ। ਹਰੇਕ ਪ੍ਰਸ਼ਨ ਦੇ 12 ਅੰਕ ਹੋਣਗੇ। **6x2=12 ਅੰਕ**
5. ਭਾਗ ਏ ਵਿਚ ਸਮੁੱਚੇ ਪਾਠਕ੍ਰਮ ਤੇ ਆਧਾਰਤ ਸੰਖੇਪ ਉੱਤਰਾਂ ਵਾਲੇ ਕੁੱਲ 11 ਪ੍ਰਸ਼ਨ ਕਰਨੇ ਹੋਣਗੇ ਅਤੇ ਇਹਨਾਂ ਦੇ 22 ਅੰਕ ਹੋਣਗੇ। ਇੱਕ ਪ੍ਰਸ਼ਨ 2 ਅੰਕ ਦਾ ਹੋਵੇਗਾ। ਪ੍ਰੀਖਿਆਰਥੀ ਨੇ ਇਹਨਾਂ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹੋਣਗੇ।

ਸਹਾਇਕ ਪਾਠ-ਸਮੱਗਰੀ:

1. ਨਰਿੰਦਰ ਸਿੰਘ ਕਪੂਰ, ਪੰਜਾਬੀ ਪੱਤਰਕਾਰੀ ਦਾ ਇਤਿਹਾਸ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।
2. ਪੰਜਾਬੀ ਪੱਤਰਕਾਰੀ ਬਾਰੇ ਦਿੱਲੀ ਯੂਨੀਵਰਸਿਟੀ ਦੇ ਸਕੂਲ ਆਫ਼ ਓਪਨ ਲਰਨਿੰਗ ਦੀ ਅਧਿਐਨ ਸਮੱਗਰੀ ਦਾ ਲਿੰਕ:

https://sol.du.ac.in/mod/book/view.php?id=924&chapterid=578